# KHALSA PRIMARY SCHOOL

Headteacher: Ms P. K. Sehmi

Volume 7 Issue 14

## Week beginning: 14 December 2015

### Parents' Meetings

We would like to thank all parents and carers for attending parents' meetings last week. We hope that you were able to discuss fully your child's progress with the class teacher and were pleased with the progress made. If you have not yet seen your child's class teacher, please make an appointment as soon as possible.

### End of term Special Lunch

On **Wednesday 16th December**, Harrisons will be providing the children an end of term special school lunch. If you would like your child to have a special lunch, please see the menu in the school lobby by the front entrance next week. The cost of the lunch is £2.30 as normal.

### End of term parties



End of term parties will take place on **Thursday 17th December**. Please note that we will provide the children with snacks, so parents do not need to send anything in. Please feel free to make a donation in the golak in Darbar Sahib.

### Christmas Jumpers

On **Friday 18th December** children are allowed to wear a Christmas jumper with normal uniform.

### Guru Gobind Singh Ji's Prakash Utsav



On Friday 22nd January 2016 we will be celebrating Guru Gobind Singh Ji's Prakash Utsav. There will be a competition for all children to enter and draw a picture relating to Guru Gobind Singh Ji. We would like children to bring in their drawing by **Wednesday 6th January 2015**. The picture that wins will be used for the invitation for the Gurpurab. Children are reminded not to draw pictures of Guru Gobind Singh but instead articles relating to him.

### Collecting children & Authorisation

Please note that we cannot accept last minute phone calls to authorise collection of your child to any individual who does not appear on the collection list. **We will not send your child home with anyone who has not been authorised.**

### End of Term

As we are approaching the end of the Autumn term, we would like to remind parents and carers to take home PE kits and water bottles and wash them thoroughly for the start of the new term in January.

Please note that the school will close from **Monday 21st December 2015.** School will re-open for children on **Tuesday 5th January 2015.**




**We hope you have an enjoyable, relaxing holiday. We would like to wish you all a Happy New Year.**

### Thought of the week

***"Year's end is neither an end nor a beginning but a going on, with all the wisdom that experience gives us".***

### ATTENDANCE

Well done to **Guru Arjan Dev Ji & Guru Amar Das Ji's Class** for achieving best attendance for week ending **11/12/2015**.

### Dates for your diary




| Date | Event |
| --- | --- |
| **Friday 18th December** | **Yr 4 Guru Hargobind Sahib Ji (Ms Patel)** |
| **Friday 18th December** | **End of Autumn Term** |
| **Monday 21st December** | **School Holidays** |
| **Monday 4th January 2016** | **Staff training day (no school for children)** |
| **Tuesday 5th January 2016** | **Start of Spring Term - Children return to school** |
| Wednesday 13th January | Year 2 SATs Meeting |
| Friday 22nd January 2016 | Guru Gobind Singh Ji's Prakash Utsav Celebrations |

# ਖ਼ਾਲਸਾ ਪ੍ਰਾਇਮਰੀ ਸਕੂਲ

**ਮੁਖ ਅਧਿਆਪਿਕਾ: ਮਿਸ ਪ. ਕ. ਸਹਿਮੀ**

ਵਾਲਿਓਮ ੭,
ਇਸ਼ੂ ੧੪

## ਹਫ਼ਤੇ ਦਾ ਅਰੰਭ: ੧੪ ਦਿਸੰਬਰ ੨੦੧੫

### ਮਾਪਿਆਂ ਦੀਆਂ ਮੁਲਾਕਾਤਾਂ

ਪਿਛਲੇ ਹਫ਼ਤੇ ਬੱਚਿਆਂ ਦੇ ਮਾਪਿਆਂ ਦੀਆਂ ਮੁਲਾਕਾਤਾਂ ਹੋਈਆਂ, ਜਿਨ੍ਹਾਂ ਵਿਚ ਆਪ ਜੀ ਨੇ ਭਾਗ ਲਿਆ।ਭਾਗ ਲੈਣ ਵਾਲੇ ਮਾਪਿਆਂ ਦੇ ਅਸੀਂ ਦਿਲੋਂ ਧਨਵਾਦੀ ਹਾਂ।ਅਸੀਂ ਉਮੀਦ ਕਰਦੇ ਹਾਂ ਕਿ ਆਪ ਜੀ ਬੱਚਿਆਂ ਦੇ ਵਿਕਾਸ ਬਾਰੇ ਅਧਿਆਪਕ ਸਾਹਿਬਾਨ ਨਾਲ ਵਿਚਾਰ ਕਰਕੇ ਪ੍ਰਸੰਨ ਹੋਏ ਹੋਵੋਗੇ।ਜੇਕਰ ਆਪ ਜੀ ਨੇ ਹਾਲੇ ਤੱਕ ਅਧਿਆਪਕ ਸਾਹਿਬਾਨ ਨਾਲ ਮੁਲਾਕਾਤ ਨਹੀਂ ਕੀਤੀ ਤਾਂ ਕਿਰਪਾ ਕਰਕੇ ਉਨ੍ਹਾਂ ਨਾਲ ਇਕ ਮੁਲ-ਾਕਾਤ ਦਾ ਜਲਦੀ ਤੋਂ ਜਲਦੀ ਪ੍ਰਬੰਧ ਕਰਨਾ ਜੀ।

### ਟਰਮ ਦੇ ਅਖ਼ੀਰ ਦਾ ਵਿਸ਼ੇਸ਼ ਭੋਜਨ

**ਬੁੱਧਵਾਰ ੧੬ ਦਿਸੰਬਰ** ਨੂੰ ਹੈਰੀਸਨ ਵਲੋਂ ਸਾਲ ਦੇ ਅਖ਼ੀਰ ਨੂੰ ਅਲਵਿਦਾ ਕਹਿੰਦਿਆਂ ਦੁਪਿਹਰ ਸਮੇਂ ਬੱਚਿਆਂ ਲਈ ਇਕ ਖ਼ਾਸ ਭੋਜਨ ਬਣਾਇਆ ਅਤੇ ਪਰੋਸਿਆ ਜਾਵੇਗਾ। ਜੇਕਰ ਆਪ ਜੀ ਚਾਹੁੰਦੇ ਹੋ ਕਿ ਆਪ ਜੀ ਦਾ ਬੱਚਾ ਇਹ ਵਿਸ਼ੇਸ਼ ਭੋਜਨ ਛਕੇ ਤਾਂ ਕਿਰਪਾ ਕਰਕੇ ਆਪ ਜੀ ਸਕੂਲ ਦੇ ਮੁੱਖ ਦੁਆਰ ਦੀ ਲਾਬੀ ਵਿਚ ਲੱਗੇ ਮੀਨੂੰ ਨੂੰ ਦੇਖਣਾ ਜੀ।ਬੱਚਿਆਂ ਲਈ ਇਸ ਖ਼ਾਸ ਭੋਜਨ ਦਾ ਮੁੱਲ ਆਮ ਵਾਂਗ ੨.੩੦ ਪਾਊਂਡ ਹੀ ਹੋਵੇਗਾ।

### ਟਰਮ ਦੇ ਅਖ਼ੀਰ ਦੀਆਂ ਪਾਰਟੀਆਂ



ਟਰਮ ਦੇ ਅਖ਼ੀਰ ਦੀਆਂ ਪਾਰਟੀਆਂ **ਵੀਰਵਾਰ ੧੭ ਦਿਸੰਬਰ** ਨੂੰ ਹੋਣਗੀਆਂ।ਕਿਰਪਾ ਕਰਕੇ ਨੋਟ ਕਰਨਾ ਕਿ ਅਸੀਂ ਬੱਚਿਆਂ ਨੂੰ ਸਨੈਕਸ ਮੁਹਈਆ ਕਰਾਂਗੇ, ਸੋ ਮਾਪਿਆਂ ਨੂੰ ਕੋਈ ਵੀ ਭੋਜਨ ਪਦਾਰਥ ਲਿਆਉਣ ਦੀ ਲੋੜ ਨਹੀਂ ਹੈ।ਦਰਬਾਰ ਹਾਲ ਦੀ ਗੋਲਕ ਦੀ ਭੇਟਾ ਵਿਚ ਹਿੱਸਾ ਪਾਉਣ ਲਈ ਆਪ ਜੀ ਨੂੰ ਖੁਲ੍ਹਾ ਸੱਦਾ ਹੈ।

### ਕ੍ਰਿਸਮਿਸ ਜੰਪਰ

**ਸ਼ੁਕਰਵਾਰ ੧੮ ਦਿਸੰਬਰ** ਨੂੰ ਬੱਚਿਆਂ ਨੂੰ ਸਕੂਲੀ ਵਰਦੀ ਦੇ ਨਾਲ ਕ੍ਰਿਸਮਿਸ ਜੰਪਰ ਪਹਿਨਣ ਦੀ ਇਜਾਜ਼ਤ ਹੈ।

### ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ



ਸ਼ੁਕਰਵਾਰ ੨੨ ਜਨਵਰੀ ਨੂੰ ਅਸੀਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਮਨਾਵਾਂਗੇ।ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਇਕ ਤਸਵੀਰ ਬਣਾਉਣ ਦਾ ਸਾਰੇ ਬੱਚਿਆਂ ਦਾ ਇਕ ਮੁਕਾਬਲਾ ਹੋਵੇਗਾ।ਅਸੀਂ ਚਾਹਾਂਗੇ ਕਿ ਬੱਚੇ ਆਪਣਾ ਬਣਾਇਆ ਰੇਖਾ ਚਿਤਰ (ਡਰਾਇੰਗ) **ਬੁੱਧਵਾਰ ੬ ਜਨਵਰੀ ੨੦੧੬** ਤੱਕ ਲੈ ਆਉਣ।ਜੇਤੂ ਤਸਵੀਰ ਗੁਰਪੁਰਬ ਦੇ ਸੱਦਾ ਪੱਤਰ ਲਈ ਵਰਤੀ ਜਾਵੇਗੀ।ਬੱਚਿਆਂ ਨੂੰ ਯਾਦ ਦਿਵਾਇਆ ਜਾਂਦਾ ਹੈ ਕਿ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਤਸਵੀਰ ਬਣਾਉਣੀ ਹੈ ਨਾ ਕਿ ਗੁਰੂ ਸਾਹਿਬ ਦੀ ਤਸਵੀਰ।

### ਬੱਚਿਆਂ ਨੂੰ ਲਿਜਾਣ ਦਾ ਅਧਿਕਾਰ

ਕਿਰਪਾ ਕਰਕੇ ਨੋਟ ਕਰਨਾ ਕਿ ਅਸੀਂ ਤੁਹਾਡੇ ਬੱਚੇ ਨੂੰ ਕਿਸੇ ਵੀ ਅਜਿਹੇ ਵਿਅਕਤੀ ਦੇ ਨਾਲ ਐਨ ਮੌਕੇ ਤੇ ਆਈ ਫੋਨ ਕਾਲ ਦੇ ਆਧਾਰ ਤੇ ਨਹੀਂ ਭੇਜ ਸਕਦੇ ਜਿਸ ਦਾ ਨਾਮ ਪਹਿਲਾਂ ਤੋਂ ਬੱਚੇ ਨੂੰ ਲਿਜਾਣ ਦੇ ਅਧਿਕਾਰ ਵਾਲੀ ਸੂਚੀ ਵਿਚ ਨਹੀਂ ਹੈ।**ਅਸੀਂ ਤੁਹਾਡੇ ਬੱਚੇ ਨੂੰ ਕਿਸੇ ਵੀ ਅਜਿਹੇ ਵਿਅਕਤੀ ਦੇ ਨਾਲ ਨਹੀਂ ਭੇਜਾਂਗੇ ਜਿਸ ਨੂੰ ਬੱਚੇ ਨੂੰ ਲਿਜਾਣ ਦਾ ਅਧਿਕਾਰ ਨਹੀਂ ਹੈ।**

### ਟਰਮ ਦਾ ਅਖ਼ੀਰ

ਜਿਵੇਂ ਕਿ ਆਪ ਜੀ ਜਾਣਦੇ ਹੀ ਹੋ ਕਿ ਪਤਝੜ ਦੀ ਟਰਮ ਦਾ ਅਖ਼ੀਰ ਆ ਰਿਹਾ ਹੈ, ਅਸੀਂ ਮਾਪਿਆਂ ਅਤੇ ਦੇਖਭਾਲ ਕਰਤਾਵਾਂ ਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਆਪ ਜੀ ਕਿਰਪਾ ਕਰਕੇ ਆਪਣੇ ਬੱਚਿਆਂ ਦੀਆਂ ਪੀ. ਈ. ਕਿਟਾਂ ਅਤੇ ਪਾਣੀ ਦੀਆਂ ਬੋਤਲਾਂ ਚੰਗੀ ਤਰ੍ਹਾਂ ਧੋਣ ਲਈ ਘਰ ਲੈ ਜਾਓ ਤਾਂ ਜੋ ਉਹ ਜਨਵਰੀ ਵਿਚ ਨਵੀਂ ਟਰਮ ਦੇ ਅਰੰਭ ਤੋਂ ਵਰਤੀਆਂ ਜਾ ਸਕਣ।

ਕਿਰਪਾ ਕਰਕੇ ਨੋਟ ਕਰਨਾ ਕਿ ਸਕੂਲ **ਸੋਮਵਾਰ ੨੧ ਦਿਸੰਬਰ** ੨੦੧੫ ਤੋਂ ਸ਼ੁਕਰਵਾਰ ੧ ਜਨਵਰੀ ਤੱਕ ਬੰਦ ਰਹੇਗਾ।ਬੱਚਿਆਂ ਲਈ ਸਕੂਲ ਮੰਗਲਵਾਰ ੫ ਜਨਵਰੀ ੨੦੧੬ ਨੂੰ ਮੁੜ ਖੁਲ੍ਹੇਗਾ।




**ਅਸੀਂ ਉਮੀਦ ਕਰਦੇ ਹਾਂ ਕਿ ਤੁਹਾਡੀਆਂ ਛੁੱਟੀਆਂ ਅਨੰਦਦਾਇਕ ਅਤੇ ਮਨੋਰੰਜਕ ਰਹਿਣਗੀਆਂ। ਅਸੀਂ ਤੁਹਾਨੂੰ ਨਵੇਂ ਸਾਲ ਦੀ ਮੁਬਾਰਕ ਦਿੰਦੇ ਹਾਂ।**

### ਇਸ ਹਫ਼ਤੇ ਦਾ ਵਿਚਾਰ

**"ਸਾਲ ਦਾ ਅਰੰਭ ਨਾ ਹੀ ਅੰਤ ਅਤੇ ਨਾ ਹੀ ਅਰੰਭ ਹੈ ਬਲਕਿ ਤਜਰਬੇ ਨਾਲ ਲਗਾਤਾਰ ਹਾਸਿਲ ਕੀਤੀ ਸਿਆਣਪ ਹੈ।"**

### ਹਾਜ਼ਰੀ

੧੧/੧੨/੧੫ ਨੂੰ ਸਮਾਪਤ ਹੋਏ ਹਫ਼ਤੇ ਬਿਹਤਰੀਨ ਹਾਜ਼ਰੀ ਲਈ **ਗੁਰੂ ਅਰਜੁਨ ਦੇਵ ਜੀ ਅਤੇ ਗੁਰੂ ਅਮਰ ਦਾਸ ਜੀ ਜਮਾਤਾਂ** ਨੂੰ ਸ਼ਾਬਾਸ਼ ਹੇ।

### ਤੁਹਾਡੀ ਡਾਇਰੀ ਲਈ ਤਾਰੀਖ਼ਾਂ




| ਤਾਰੀਖ਼ | ਵਿਸ਼ੇਸ਼ ਮੌਕਾ |
|---|---|
| ਸ਼ੁਕਰਵਾਰ ੧੮ ਦਿਸੰਬਰ | ਚੌਥੀ ਜਮਾਤ-ਗੁਰੂ ਹਰਗੋਬਿੰਦ ਸਾਹਿਬ ਜੀ (ਮਿਜ਼ ਪਟੇਲ) |
| ਸ਼ੁਕਰਵਾਰ ੧੮ ਦਿਸੰਬਰ | ਪਤਝੜ ਦੀ ਟਰਮ ਦੀ ਸਮਾਪਤੀ |
| ਸੋਮਵਾਰ ੨੧ ਦਿਸੰਬਰ ਤੋਂ ਸ਼ੁਕਰਵਾਰ ੧ ਜਨਵਰੀ ਤੱਕ | ਸਕੂਲ ਦੀਆਂ ਛੁੱਟੀਆਂ |
| ਸੋਮਵਾਰ ੪ ਜਨਵਰੀ ੨੦੧੬ | ਸਟਾਫ਼ ਟਰੇਨਿੰਗ ਦਾ ਦਿਨ (ਬੱਚਿਆਂ ਲਈ ਸਕੂਲ ਨਹੀਂ ਹੈ) |
| ਮੰਗਲਵਾਰ ੫ ਜਨਵਰੀ ੨੦੧੬ | ਬਹਾਰ ਦੀ ਰੁੱਤ ਦਾ ਅਰੰਭ ਬੱਚਿਆਂ ਦੀ ਸਕੂਲ ਵਾਪਸੀ |
| ਬੁੱਧਵਾਰ ੧੩ ਜਨਵਰੀ | ਦੂਜੀ ਜਮਾਤ ਦੀ ਸ਼ਅਠ ਬਾਰੇ ਮੁਲਾਕਾਤ |
| ਸ਼ੁਕਰਵਾਰ ੨੨ ਜਨਵਰੀ ੨੦੧੬ | ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਵਸ ਸੰਬੰਧੀ ਸਮਾਗਮ |